General permission to publish and disclose information

# ਜਾਣਕਾਰੀ ਨੂੰ ਪ੍ਰਕਾਸ਼ਿਤ ਕਰਨ ਅਤੇ ਖੁਲਾਸਾ ਕਰਨ ਲਈ ਆਮ ਆਗਿਆ

ਸਤਿਕਾਰਯੋਗ ਮਾਪਿਓ/ ਸੰਭਾਲ ਕਰਨ ਵਾਲਿਓ

ਮੈਂ ਸਕੂਲ/ਸਿੱਖਿਆ ਵਿਭਾਗ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰਨ ਅਤੇ/ਜਾਂ ਖੁਲਾਸਾ ਕਰਨ ਦੀ ਇਜ਼ਾਜਤ ਦੇਣ ਲਈ ਤੁਹਾਡੀ ਆਗਿਆ ਮੰਗ ਰਿਹਾ/ਰਹੀ ਹਾਂ ਤਾਂ ਜੋ ਉਸ ਦੇ ਤਜ਼ਰਬਿਆਂ ਨੂੰ ਹੋਰ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਜਾ ਸਕੇ, ਸਕੂਲ ਅਤੇ ਵਿਦਿਆਰਥੀ ਦੀਆਂ ਗਤੀਵਿਧੀਆਂ ਬਾਰੇ ਸਕੂਲ ਅਤੇ ਵਿਆਪਕ ਭਾਈਚਾਰੇ ਨੂੰ ਸੂਚਿਤ ਕੀਤਾ ਜਾ ਸਕੇ ਅਤੇ ਮਹੱਤਵਪੂਰਨ ਪ੍ਰੋਜੈਕਟਾਂ ਜਾਂ ਭਾਈਚਾਰਕ ਸੇਵਾ ਵਿੱਚ ਵਿਦਿਆਰਥੀ ਦੀ ਹਿੱਸੇਦਾਰੀ ਨੂੰ ਰਿਕਾਰਡ ਕੀਤਾ ਜਾ ਸਕੇ।

ਇਸ ਜਾਣਕਾਰੀ ਵਿੱਚ ਤੁਹਾਡੇ ਬੱਚੇ ਦਾ ਨਾਮ, ਉਮਰ, ਜਮਾਤ ਅਤੇ ਸਕੂਲ ਵਿੱਚ ਇਕੱਤਰ ਕੀਤੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ ਜਿਵੇਂ ਕਿ ਤੁਹਾਡੇ ਬੱਚੇ ਦੀਆਂ ਫੋਟੋਆਂ, ਆਵਾਜ਼ ਅਤੇ ਵੀਡੀਓ ਰਿਕਾਰਡਿੰਗਾਂ, ਤੁਹਾਡੇ ਬੱਚੇ ਦਾ ਕੰਮ ਅਤੇ ਵਿਚਾਰਾਂ ਦੇ ਪ੍ਰਗਟਾਵੇ ਜਿਵੇਂ ਕਿ ਇੰਟਰਐਕਟਿਵ ਮੀਡੀਆ ਵਿੱਚ ਹੁੰਦਾ ਹੈ।

ਉਹ ਸੰਚਾਰ ਸਾਧਨ ਜਿੰਨ੍ਹਾਂ ਵਿੱਚ ਤੁਹਾਡੇ ਬੱਚੇ ਦੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਜਾਂ ਖੁਲਾਸਾ ਕੀਤਾ ਜਾ ਸਕਦਾ ਹੈ ਦੇ ਵਿੱਚ ਹੇਠ ਲਿਖੇ ਸ਼ਾਮਲ ਹਨ ਪਰ ਇਹ ਇਹਨਾਂ ਤੱਕ ਸੀਮਤ ਨਹੀਂ ਹਨ:

- ਸਿੱਖਿਆ ਵਿਭਾਗ ਦੀਆਂ ਜਨਤਕ ਵੈੱਬਸਾਈਟਾਂ ਜਿਸ ਵਿੱਚ ਸਕੂਲ ਦੀ ਵੈੱਬਸਾਈਟ, ਸਿੱਖਿਆ ਵਿਭਾਗ ਇੰਟਰਾਨੈੱਟ (ਸਿਰਫ ਅਮਲੇ ਲਈ), ਬਲੌਗ ਅਤੇ ਵਿਕੀਜ਼ ਸ਼ਾਮਲ ਹਨ
- ਸਿੱਖਿਆ ਵਿਭਾਗ ਦੇ ਪ੍ਰਕਾਸ਼ਨਾਂ ਜਿਸ ਵਿੱਚ ਸਕੂਲ ਦਾ ਖਬਰਨਾਮਾ (ਨਿਊਜ਼ਲੈਟਰ), ਸਕੂਲ ਦਾ ਸਾਲਾਨਾ ਰਿਸਾਲਾ ਅਤੇ ਸਕੂਲ ਦੀ ਰਿਪੋਰਟ, ਵਿਭਾਗ ਦੀਆਂ ਵੈੱਬਸਾਈਟਾਂ ਸਮੇਤ ਛਪੀ ਹੋਈ ਅਤੇ ਇਲੈਕਟ੍ਰੌਨਿਕ ਤੌਰ 'ਤੇ ਪ੍ਰਕਾਸ਼ਿਤ ਪ੍ਰਚਾਰ ਵਾਲੀ ਸਮੱਗਰੀ ਸ਼ਾਮਲ ਹੈ
- ਯੂ-ਟਿਊਬ, ਫ਼ੇਸਬੁੱਕ ਅਤੇ ਟਵਿੱਟਰ ਵਰਗੇ ਨੈੱਟਵਰਕਾਂ ਉਪਰ ਵਿਭਾਗ ਅਤੇ ਸਕੂਲ ਦੇ ਅਧਿਕਾਰਤ ਸੋਸ਼ਲ ਮੀਡੀਆ ਖਾਤੇ
- ਸਥਾਨਕ ਅਤੇ ਮੈਟਰੋਪੋਲੀਟਨ ਅਖ਼ਬਾਰਾਂ ਅਤੇ ਰਿਸਾਲਿਆਂ ਅਤੇ ਹੋਰ ਮੀਡੀਆ ਸੰਸਥਾਵਾਂ ਰਾਹੀਂ।

ਮਾਪਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਜਾਣਕਾਰੀ ਜਨਤਕ ਵੈਬਸਾਈਟਾਂ ਅਤੇ ਸੋਸ਼ਲ ਮੀਡੀਆ ਚੈਨਲਾਂ 'ਤੇ ਪ੍ਰਕਾਸ਼ਿਤ ਕੀਤੀ ਜਾਂਦੀ ਹੈ, ਤਾਂ ਭਾਂਵੇਂ ਇਹ ਸਥਾਈ ਤੌਰ 'ਤੇ ਨਹੀਂ ਫਿਰ ਵੀ ਇਹ ਕਈ ਸਾਲਾਂ ਤੱਕ ਔਨਲਾਈਨ ਲੱਭੀ ਜਾ ਸਕਦੀ ਹੈ। ਖੋਜ ਕਰਨ ਵਾਲੇ ਇੰਜਣ ਪ੍ਰਕਾਸ਼ਿਤ ਜਾਣਕਾਰੀ ਦੀਆਂ ਨਕਲਾਂ ਨੂੰ ਕੈਸ਼ ਰਾਹੀਂ ਵੀ ਜਾਂ ਉਸ ਤਰ੍ਹਾਂ ਸੰਭਾਲ ਕੇ ਰੱਖ ਸਕਦੇ ਹਨ। ਪ੍ਰਕਾਸ਼ਿਤ ਜਾਣਕਾਰੀ ਨੂੰ ਤੀਜੀਆਂ ਧਿਰਾਂ ਦੁਆਰਾ ਵੀ ਆਪਣੇ ਨਾਲ ਜੋੜਿਆ ਜਾ ਸਕਦਾ ਹੈ।

ਕਿਰਪਾ ਕਰਕੇ ਆਗਿਆ ਫ਼ਾਰਮ ਨੂੰ ਭਰੋ ਅਤੇ ਹੇਠ ਲਿਖੀ ਤਰੀਕ ਤੱਕ ਸਕੂਲ ਨੂੰ ਵਾਪਸ ਭੇਜ ਦਿਓ:

Date for return of permission form

**ਦੁਭਾਸ਼ੀਆ ਸਹਾਇਤਾ**

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।

ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ, ਔਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ ਅਤੇ ਉਹਨਾਂ ਨੂੰ ਸਕੂਲ ਨੂੰ ਫ਼ੋਨ ਕਰਨ ਲਈ ਕਹੋ। ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਖਰਚਾ ਨਹੀਂ ਲਿਆ ਜਾਵੇਗਾ।

ਤੁਹਾਡਾ/ਡੀ ਸ਼ੁਭਚਿੰਤਕ

ਪ੍ਰਿੰਸੀਪਲ ਦਾ ਨਾਮ (Name of principal)

ਸਕੂਲ ਦਾ ਨਾਮ (Name of school)

## ਪ੍ਰਕਾਸ਼ਿਤ ਕਰਨ ਦੀ ਆਗਿਆ ਵਾਸਤੇ ਮਾਪਿਆਂ/ਸੰਭਾਲ ਕਰਨ ਵਾਲਿਆਂ ਦੀ ਸਹਿਮਤੀ
## Parent/carer permission to publish consent

ਮੈਂ ਪ੍ਰਕਾਸ਼ਿਤ ਕਰਨ ਵਾਲੀ ਇਸ ਆਗਿਆ ਨੂੰ ਪੜ੍ਹ ਲਿਆ ਹੈ ਅਤੇ:

(ਹੇਠਾਂ ਸਿਰਫ ਇਕ ਡੱਬੇ ਵਿੱਚ ਨਿਸ਼ਾਨ ਲਗਾਓ ਅਤੇ ਦੂਜੇ ਨੂੰ ਖਾਲੀ ਛੱਡ ਦਿਓ)

☐ ਮੈਂ ਸਕੂਲ/ਸਿੱਖਿਆ ਵਿਭਾਗ ਨੂੰ ਉੱਪਰ ਦੱਸੇ ਅਨੁਸਾਰ ਆਪਣੇ ਬੱਚੇ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰਨ ਦੀ ਆਗਿਆ ਦਿੰਦਾ/ਦੀ ਹਾਂ, ਜਿਸ ਵਿੱਚ ਜਨਤਕ ਤੌਰ 'ਤੇ ਪਹੁੰਚਯੋਗ ਸੰਚਾਰ ਸਾਧਨ ਵੀ ਸ਼ਾਮਲ ਹਨ।
I give permission to the school/Department of Education to publish information about my child as described above, including in publicly accessible communications.

☐ ਮੈਂ ਸਕੂਲ/ਸਿੱਖਿਆ ਵਿਭਾਗ ਨੂੰ ਉੱਪਰ ਦੱਸੇ ਅਨੁਸਾਰ ਆਪਣੇ ਬੱਚੇ ਬਾਰੇ ਜਾਣਕਾਰੀ ਪ੍ਰਕਾਸ਼ਿਤ ਕਰਨ ਦੀ ਆਗਿਆ ਨਹੀਂ ਦਿੰਦਾ/ਦੀ ਹਾਂ, ਜਿਸ ਵਿੱਚ ਜਨਤਕ ਤੌਰ 'ਤੇ ਪਹੁੰਚਯੋਗ ਸੰਚਾਰ ਸਾਧਨ ਵੀ ਸ਼ਾਮਲ ਹਨ।
I do not give permission to the school/Department of Education to publish information about my child as described above, including in publicly accessible communications.

ਇਹ ਦਸਤਖ਼ਤ ਕੀਤੀ ਆਗਿਆ ਉਦੋਂ ਤੱਕ ਲਾਗੂ ਰਹਿੰਦੀ ਹੈ ਜਦੋਂ ਤੱਕ ਮੈਂ ਸਕੂਲ ਨੂੰ ਹੋਰ ਕੋਈ ਸਲਾਹ ਨਹੀਂ ਦਿੰਦਾ/ਦੀ ਹਾਂ।

ਬੱਚੇ ਦਾ ਨਾਮ (ਕਿਰਪਾ ਕਰਕੇ ਲਿਖੋ) ______________________
Name of child

ਮਾਪੇ/ਸੰਭਾਲ ਕਰਨ ਵਾਲੇ ਦਾ ਨਾਮ (ਕਿਰਪਾ ਕਰਕੇ ਲਿਖੋ) ______________________
Name of parent/carer

ਮਾਪੇ/ਸੰਭਾਲ ਕਰਨ ਵਾਲੇ ਦੇ ਦਸਤਖ਼ਤ ______________________
Signature of parent/carer

ਤਰੀਕ ______________________
Date